AQA

# GCSE
# PANJABI

# H

Higher Tier Paper 1 Listening Test Transcript

Time allowed: 45 minutes approximately
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

This is what you should do for each item.

- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer all the questions in the spaces provided. Do **not** write outside the box around each page or on blank pages.
- Write neatly and put down **all** the information you are asked to give.
- **Ask any questions now. You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the test has started, the invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the invigilator should pause the recording until the questions have been answered. The recording should then be restarted.

**Section A**

Questions and answers in **English**.

**0 1** **F1** ਬਲਦੀਪ, ਇਸ ਸਾਲ ਤੁਹਾਡੇ ਸ਼ਹਿਰ ਵਿੱਚ ਕਿਹੜਾ ਤਿਉਹਾਰ ਮਨਾਇਆ ਗਿਆ ?

**F2** ਸਾਡੇ ਸ਼ਹਿਰ ਵਿੱਚ ਗੁਰੂ ਨਾਨਕ ਦੇਵ ਜੀ ਦਾ 550 ਵਾਂ ਗੁਰਪੁਰਬ ਮਨਾਇਆ ਗਿਆ। ਇਸ ਤੋਂ ਬੱਚਿਆਂ ਨੇ ਗੁਰੂ ਜੀ ਦੇ ਜੀਵਨ ਬਾਰੇ ਸਿੱਖਿਆ ਪਰ ਨਗਰ ਕੀਰਤਨ ਕਾਰਨ ਟਰੈਫਿਕ ਕਈ ਘੰਟੇ ਰੁਕਿਆ ਰਿਹਾ। ਰੂਪੀ, ਤੁਸੀਂ ਵੀ ਦੱਸੋ।

**F1** ਸਾਡੇ ਸ਼ਹਿਰ ਵਿੱਚ ਦੀਵਾਲੀ ਲਈ ਸਾਰੇ ਪਾਸੇ ਬਹੁਤ ਸਫਾਈ ਕੀਤੀ ਗਈ ਸੀ ਪਰ ਦੀਵਾਲੀ ਵਾਲੀ ਰਾਤ ਨੂੰ ਪਟਾਕੇ ਚਲਾਉਣ ਨਾਲ ਹਵਾ ਵਿੱਚ ਧੂੰਆਂ ਬਹੁਤ ਵਧ ਗਿਆ ਸੀ।

**0 2** **M2** ਮੈਂ ਰਵੀ ਹਾਂ। ਇਹ ਫਿਲਮ ਦੇਖਣ ਤੋਂ ਬਾਅਦ ਤੁਹਾਨੂੰ ਰਾਤ ਨੂੰ ਇਕੱਲੇ ਰਹਿਣ ਤੋਂ ਡਰ ਲੱਗੇਗਾ।

**F1** ਮੇਰਾ ਨਾਂ ਗੀਤਾ ਹੈ। ਜੇ ਤੁਸੀਂ ਇਸ ਫਿਲਮ ਨੂੰ ਹਾਸੇ ਵਾਲੀ ਫਿਲਮ ਨਹੀਂ ਸਮਝਦੇ ਤਾਂ ਤੁਹਾਡੇ ਵਿੱਚ ਮਜ਼ਾਕ ਦੀ ਕੋਈ ਭਾਵਨਾ ਨਹੀਂ ਹੈ।

**M1** ਮੈਂ ਮਨਜੋਤ ਹਾਂ। ਇਸ ਫਿਲਮ ਵਿੱਚ ਇੱਕ ਨੌਜਵਾਨ ਇੱਕ ਲੜਕੀ ਨਾਲ ਬਹੁਤ ਪਿਆਰ ਕਰਦਾ ਹੈ ਅਤੇ ਉਸ ਲਈ ਕੁਝ ਵੀ ਕਰਨ ਲਈ ਤਿਆਰ ਹੈ।

**0 3** **M2** ਬਚਪਨ ਵਿੱਚ ਮੈਂ ਸਮੁੰਦਰ ਦੇ ਕੰਢੇ ਛੁੱਟੀਆਂ ਮਨਾਉਣ ਜਾਣਾ ਬਹੁਤ ਪਸੰਦ ਕਰਦਾ ਸੀ ਕਿਉਂਕਿ ਸਮੁੰਦਰ ਦੇ ਕੰਢੇ ਤੇ ਸਾਫ ਰੇਤ ਮੈਨੂੰ ਬਹੁਤ ਸੁਹਣੀ ਲਗਦੀ ਸੀ। ਅੱਜ ਕੱਲ੍ਹ ਛੁੱਟੀਆਂ ਵਿੱਚ ਦੋਸਤਾਂ ਨਾਲ ਕੈਂਪ ਤੇ ਮੈਨੂੰ ਤੰਬੂ ਵਿੱਚ ਰਹਿਣਾ ਚੰਗਾ ਲਗਦਾ ਹੈ। ਅਗਲੇ ਸਾਲ ਮੈਂ ਪੰਜਾਬ ਵਿੱਚ ਪੰਜਾਬੀ ਗਾਇਕਾਂ ਨੂੰ ਮਿਲਾਂਗਾ ਕਿਉਂਕਿ ਪੰਜਾਬੀ ਗੀਤ ਮੈਨੂੰ ਬਹੁਤ ਪਸੰਦ ਹਨ।

**0 4** **F1** ਸਾਨੂੰ ਇਸ ਤਰ੍ਹਾਂ ਦੇ ਕਰਮਚਾਰੀ ਦੀ ਲੋੜ ਹੈ ਜਿਸ ਕੋਲ ਡਿਗਰੀ ਜਾਂ ਡਿਪਲੋਮਾ ਭਾਵੇਂ ਨਾ ਵੀ ਹੋਵੇ ਪਰ ਮਹੱਤਵਪੂਰਣ ਗੱਲ ਇਹ ਹੈ ਕਿ ਉਹ ਦੂਜੇ ਕਰਮਚਾਰੀਆਂ ਨਾਲ ਰਲ -ਮਿਲ ਕੇ ਕੰਮ ਕਰਨ ਵਾਲਾ ਹੋਵੇ ਅਤੇ ਸਖਤ ਮਿਹਨਤ ਕਰਨ ਲਈ ਵੀ ਤਿਆਰ ਰਹੇ। ਜੇ ਤੁਹਾਡੇ ਕੋਲ ਇਹ ਗੁਣ ਹਨ ਤਾਂ ਸਾਡੇ ਨਾਲ ਸੰਪਰਕ ਕਰੋ। ਸਾਡੇ ਕੋਲ ਤੁਹਾਡੇ ਲਈ ਬਹੁਤ ਵਧੀਆ ਨੌਕਰੀ ਹੈ।

**0 5** **M1** ਮੈਂ ਇੰਟਰਨੈੱਟ ਤੇ ਚੀਜ਼ਾਂ ਵੇਚਦਾ ਹਾਂ ਇਸ ਲਈ ਮੈਂ ਕਦੇ ਕਦੇ ਹੀ ਕੋਈ ਚੀਜ਼ ਕੂੜੇ ਵਿੱਚ ਸੁੱਟਦਾ ਹਾਂ। ਮੇਰੇ ਮਾਤਾ ਜੀ ਮੇਰੇ ਛੋਟੇ ਭਰਾ ਨਾਲ ਨਾਰਾਜ਼ ਹੁੰਦੇ ਹਨ ਕਿਉਂਕਿ ਉਹ ਗਰਮ ਕੱਪੜੇ ਪਾਉਣ ਦੀ ਬਜਾਏ ਹੀਟਿੰਗ ਦਾ ਤਾਪਮਾਨ ਵਧਾ ਦਿੰਦਾ ਹੈ। ਮੇਰੀ ਭੈਣ ਸਾਰੇ ਘਰ ਦੀਆਂ ਬੱਤੀਆਂ ਜਗਦੀਆਂ ਰਹਿਣ ਦਿੰਦੀ ਹੈ, ਪਰ ਮੇਰਾ ਵੱਡਾ ਭਰਾ ਹਰ ਕਮਰੇ ਵਿੱਚ ਜਾ ਕੇ ਬਿਜਲੀ ਨਾਲ ਚੱਲਣ ਵਾਲੀਆਂ ਚੀਜ਼ਾਂ ਬੰਦ ਕਰਦਾ ਹੈ। ਮੇਰੇ ਪਿਤਾ ਜੀ ਛੋਟੇ ਤੋਂ ਛੋਟੇ ਸਫਰ ਲਈ ਵੀ ਕਾਰ ਵਰਤਦੇ ਹਨ।

**0 6** **F1** ਮੈਂ ਮਨਰੀਤਾ ਹਾਂ। ਮੇਰੇ ਖਿਆਲ ਨਾਲ ਸਕੂਲ ਵਿੱਚ ਵਰਦੀ ਪਾਉਣੀ ਚੰਗੀ ਗੱਲ ਹੈ ਕਿਉਂਕਿ ਵਿਦਿਆਰਥੀ ਜਿਹੜੇ ਹੋਰ ਕੱਪੜੇ ਪਾਉਣਾ ਪਸੰਦ ਕਰਦੇ ਹਨ, ਵਰਦੀ ਉਨ੍ਹਾਂ ਨਾਲੋਂ ਮਹਿੰਗੀ ਨਹੀਂ ਹੁੰਦੀ।

**0 7** **F2** ਮੇਰਾ ਨਾਂ ਦਿਵਜੋਤ ਹੈ। ਮੈਂ ਸਕੂਲ ਵਿੱਚ ਵਰਦੀ ਪਾਉਣ ਦੇ ਹੱਕ ਵਿੱਚ ਨਹੀਂ ਹਾਂ ਕਿਉਂਕਿ ਇਹ ਅਰਾਮਦਾਇਕ ਨਹੀਂ ਹੁੰਦੀ ਜਿਸ ਕਰਕੇ ਬੱਚਿਆਂ ਦਾ ਧਿਆਨ ਪੜ੍ਹਾਈ ਵਿੱਚ ਘੱਟ ਲਗਦਾ ਹੈ।

**0 8** **M2** ਮੈ ਜਗਜੀਤ ਹਾਂ। ਮੇਰੇ ਵਿਚਾਰ ਅਨੁਸਾਰ ਸਕੂਲ ਦੀ ਵਰਦੀ ਸਾਰੇ ਵਿਦਿਆਰਥੀਆਂ ਵਿੱਚ ਬਰਾਬਰਤਾ ਲਈ ਮੱਹਤਵਪੂਰਨ ਹੈ। ਵਰਦੀ ਪਹਿਨਣ ਨਾਲ ਕੋਈ ਵੀ ਵਿਦਿਆਰਥੀ ਇੱਕ ਦੂਜੇ ਦੇ ਕੱਪੜਿਆਂ ਦਾ ਮਜ਼ਾਕ ਨਹੀਂ ਉਡਾ ਸਕਦਾ।

**0 9** **F1** ਸਾਡਾ ਇਹ ਪੋਸਟਰ ਬਣਾਉਣ ਦਾ ਉਦੇਸ਼ ਕੁਦਰਤ ਨੂੰ ਸੁਰੱਖਿਅਤ ਰੱਖਣ ਦੇ ਤਰੀਕਿਆਂ ਬਾਰੇ ਦੱਸਣਾ ਹੈ।

**1 0** **M1** ਅਸੀਂ ਇਹ ਪੋਸਟਰ ਇਸ ਗੱਲ ਬਾਰੇ ਸੁਝਾਅ ਦੇਣ ਦੇ ਮੰਤਵ ਨਾਲ ਬਣਾਇਆ ਹੈ ਕਿ ਬਿਜਲੀ ਦੀ ਬੱਚਤ ਕਿਵੇਂ ਕਰਨੀ ਹੈ।

**1 1** **F2** ਸਾਡੀ ਮਸ਼ਹੂਰੀ ਜੰਗਲਾਂ ਬਾਰੇ ਹੈ ਅਤੇ ਅਸੀਂ ਇਸ ਪੋਸਟਰ ਰਾਹੀਂ ਇਹ ਸਲਾਹ ਦੇ ਰਹੇ ਹਾਂ ਕਿ ਜੰਗਲਾਂ ਨੂੰ ਅੱਗ ਲੱਗਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ।

**1 2** **F1** ਮੈਂ ਮਨਜੀਤ ਹਾਂ। ਅੱਜ ਕੱਲ ਦੀਆਂ ਪੰਜਾਬੀ ਗੀਤਾਂ ਦੀਆਂ ਵੀਡਿਓ ਪੰਜਾਬੀ ਬੋਲੀ ਦਾ ਵਿਕਾਸ ਤਾਂ ਕਰਦੀਆਂ ਹਨ ਪਰ ਇਹ ਸਭਿਆਚਾਰ ਤੇ ਭੈੜਾ ਅਸਰ ਪਾਉਂਦੀਆਂ ਹਨ। ਦਿਲਰਾਜ ਤੁਸੀਂ ਕੀ ਸੋਚਦੇ ਹੋ ?

**M1** ਇਨ੍ਹਾਂ ਵੀਡਿਓ ਰਾਹੀਂ ਭਵਿੱਖ ਵਿੱਚ ਪੰਜਾਬੀ ਵਿਰਸਾ ਅਤੇ ਰੀਤੀ ਰਿਵਾਜ਼ ਜ਼ਿੰਦਾ ਰਹਿ ਸਕਦੇ ਹਨ। ਤੁਹਾਡੀ ਕੀ ਰਾਏ ਹੈ ਗੁਰਮੀਤ ?

**F2** ਇਹ ਵੀਡਿਓ ਨੰਗੇਜ਼ ਪੇਸ਼ ਕਰਦੀਆਂ ਹਨ ਅਤੇ ਪਰਿਵਾਰ ਨਾਲ ਬੈਠ ਕੇ ਵੇਖਣ ਵਿੱਚ ਸ਼ਰਮ ਆਉਂਦੀ ਹੈ। ਤੁਹਾਡਾ, ਕੀ ਵਿਚਾਰ ਹੈ ਜਸਪ੍ਰੀਤ ?

**M2** ਬੱਚੇ ਇਹ ਵੀਡਿਓ ਦੇਖ ਕੇ ਪੰਜਾਬੀ ਲੋਕ ਨਾਚ ਸਿੱਖਣ ਦੇ ਨਾਲ ਨਾਲ ਪੰਜਾਬੀ ਬੋਲਣ ਵਿੱਚ ਮਾਹਿਰ ਵੀ ਹੋ ਜਾਂਦੇ ਹਨ।

**1 3** **M1** ਕਿਰਪਾ ਕਰਕੇ ਆਪਣੇ ਉਹ ਖਿਡੌਣੇ ਦਾਨ ਲਈ ਦਿਓ ਜਿਹੜੇ ਚੰਗੀ ਹਾਲਤ ਵਿੱਚ ਹਨ ਪਰ ਤੁਸੀਂ ਰੱਖਣੇ ਨਹੀਂ ਚਾਹੁੰਦੇ। ਸਾਨੂੰ ਟੁੱਟੇ ਹੋਏ ਅਤੇ ਖਰਾਬ ਖਿਡੌਣੇ ਨਹੀਂ ਚਾਹੀਦੇ। ਇਹ ਖਿਡੌਣੇ ਵੇਚ ਕੇ ਇਕੱਠੇ ਕੀਤੇ ਪੈਸਿਆਂ ਨਾਲ ਅਸੀਂ ਸ਼ਹਿਰ ਵਿੱਚ ਸੜਕਾਂ ਤੇ ਰਹਿਣ ਵਾਲੇ ਬੇਘਰ ਲੋਕਾਂ ਲਈ ਗਰਮ ਕੱਪੜੇ ਖਰੀਦਾਂਗੇ। ਦਸੰਬਰ ਦੇ ਮਹੀਨੇ ਵਿੱਚ ਠੰਡ ਪੈਣ ਕਰਕੇ ਉਨ੍ਹਾਂ ਨੂੰ ਇਨ੍ਹਾਂ ਕੱਪੜਿਆਂ ਦੀ ਬਹੁਤ ਜ਼ਰੂਰਤ ਹੈ।

1 4 **M2** ਦਲਜੀਤ, ਵਧ ਰਹੀ ਟੈਕਨੌਲੋਜੀ ਦੇ ਯੁਗ ਵਿੱਚ ਡਿਜੀਟਲ ਕਿਤਾਬਾਂ ਤੇਜ਼ੀ ਨਾਲ ਵਿਕ ਰਹੀਆਂ ਹਨ ਪਰ ਕੀ ਤੁਸੀਂ ਸੋਚਦੇ ਹੋ ਕਿ ਇਹ ਡਿਜੀਟਲ ਕਿਤਾਬਾਂ ਆਮ ਕਿਤਾਬਾਂ ਦੀ ਥਾਂ ਲੈ ਸਕਦੀਆਂ ਹਨ ?

**F2** ਹਾਂ, ਮਨਵੀਰ ਬਿਲਕੁਲ ਲੈ ਸਕਦੀਆਂ ਹਨ ਕਿਉਂਕਿ ਪੁਸਤਕਾਲਾ ਜਾਣ ਦੀ ਕੋਈ ਲੋੜ ਨਹੀਂ ਪੈਂਦੀ ਪਰ ਸਾਰੀਆਂ ਕਿਤਾਬਾਂ ਡਾਊਨਲੋਡ ਕਰਨ ਲਈ ਨਹੀਂ ਮਿਲਦੀਆਂ। ਮਨਵੀਰ, ਤੁਹਾਡਾ ਕੀ ਵਿਚਾਰ ਹੈ ਇਹਨਾਂ ਡਿਜੀਟਲ ਕਿਤਾਬਾਂ ਬਾਰੇ ?

**M2** ਮੇਰੇ ਖਿਆਲ ਵਿੱਚ ਡਿਜੀਟਲ ਕਿਤਾਬਾਂ ਕਿਸੇ ਵੀ ਥਾਂ ਤੇ ਕਿਸੇ ਵੀ ਸਮੇਂ ਪੜ੍ਹ ਸਕਦੇ ਹਾਂ ਪਰ ਸਕਰੀਨ ਦੀ ਰੋਸ਼ਨੀ ਨਾਲ ਪਾਠਕਾਂ ਦੀਆਂ ਅੱਖਾਂ ਤੇ ਦਬਾਅ ਪੈਣ ਨਾਲ ਨਜ਼ਰ ਤੇ ਬੁਰਾ ਪ੍ਰਭਾਵ ਪੈ ਸਕਦਾ ਹੈ।

1 5 **F1** ਮੇਰਾ ਨਾਂ ਪ੍ਰੀਤ ਹੈ। ਅੱਜ ਕੱਲ੍ਹ ਨੌਕਰੀਆਂ ਦੀ ਘਾਟ ਹੋਣ ਕਾਰਨ ਬਹੁਤ ਸਾਰੀਆਂ ਅਸਥਾਈ ਨੌਕਰੀਆਂ ਸਿਰਫ ਕੁਝ ਮਹੀਨਿਆਂ ਲਈ ਹੀ ਹੁੰਦੀਆਂ ਹਨ। ਕਬੀਰ ਤੁਸੀਂ ਕੀ ਕਰਦੇ ਹੋ ?

**M2** ਮੈਂ ਇੱਕ ਐਸੀ ਕੰਪਨੀ ਵਿੱਚ ਨੌਕਰੀ ਲੱਭ ਰਿਹਾ ਹਾਂ ਜਿੱਥੇ ਮੈਂ ਪੈਸੇ ਕਮਾਉਣ ਦੇ ਨਾਲ ਨਾਲ ਕੰਮ ਦਾ ਤਜਰਬਾ ਹਾਸਲ ਕਰਕੇ ਪੜ੍ਹਾਈ ਲਈ ਸਮਾਂ ਕੱਢ ਕੇ ਯੋਗਤਾ ਵੀ ਪ੍ਰਾਪਤ ਕਰ ਸਕਾਂ। ਤੁਸੀਂ ਕੀ ਸੋਚਦੇ ਹੋ, ਜਸਕਿਰਨ ?

**F2** ਬਹੁਤ ਸਾਰੇ ਨੌਜਵਾਨ ਆਪਣੇ ਮਾਪਿਆਂ ਨਾਲ ਰਹਿੰਦੇ ਹਨ ਕਿਉਂਕਿ ਉਹ ਇੰਨੇ ਪੈਸੇ ਨਹੀਂ ਕਮਾਉਂਦੇ ਕਿ ਆਪਣਾ ਘਰ ਲੈ ਸਕਣ। ਅੱਜ ਕੱਲ੍ਹ ਤਨਖਾਹ ਘਰ ਲੈਣ ਲਈ ਕਾਫੀ ਨਹੀਂ ਹੈ।

1 6 **F1** ਮੈਂ ਅਮਰਦੀਪ ਹਾਂ, ਜਿਸ ਦਿਨ ਸਾਡੇ ਜੀ ਸੀ ਐਸ ਈ ਦੇ ਨਤੀਜੇ ਆਏ, ਮੇਰੀ ਸਹੇਲੀ ਹਰਪ੍ਰੀਤ ਚਾਹੁੰਦੀ ਸੀ ਕਿ ਅਸੀਂ ਨਤੀਜੇ ਲੈਣ ਇਕੱਠੀਆਂ ਹੀ ਸਕੂਲ ਜਾਈਏ। ਇਹ ਵਿਚਾਰ ਠੀਕ ਨਹੀਂ ਸੀ ਕਿਉਂਕਿ ਮੈਨੂੰ ਤਾਂ ਨਤੀਜੇ ਚੰਗੇ ਮਿਲ ਗਏ ਪਰ ਹਰਪ੍ਰੀਤ ਨੂੰ ਉਸਦੀ ਉਮੀਦ ਦੇ ਉਲਟ ਨਤੀਜੇ ਮਿਲਣ ਕਰਕੇ ਉਹ ਉਦਾਸ ਸੀ। ਦਲਬੀਰ, ਆਪਣੇ ਨਤੀਜਿਆਂ ਬਾਰੇ ਦੱਸੋ।

**M1** ਮੈਂ ਆਪਣੇ ਨਤੀਜਿਆਂ ਤੋਂ ਖੁਸ਼ ਸੀ ਪਰ ਮੇਰੇ ਪਿਤਾ ਜੀ ਨੇ ਮੇਰੇ ਤੇ ਮਾਣ ਕਰਨ ਦੀ ਬਜਾਏ ਕਿਹਾ ਕਿ ਇਹ ਤਾਂ ਔਸਤਨ ਹੀ ਹਨ।

1 7 **F1** ਮਿਸਿਜ਼ ਗਰੇਵਾਲ ਸਾਡੀ ਸੰਸਥਾ ਤੁਹਾਡੇ ਬਜ਼ੁਰਗਾਂ ਅਤੇ ਬੱਚਿਆਂ ਦੀ ਕਿਵੇਂ ਸਹਾਇਤਾ ਕਰ ਸਕਦੀ ਹੈ ?

**F2** ਸਾਡੀ ਸੰਸਥਾ ਵਲੋਂ ਲੋਕਾਂ ਦੀ ਸਿਹਤ ਠੀਕ ਰੱਖਣ ਲਈ ਪੀਣ ਲਈ ਸਾਫ ਪਾਣੀ ਦੇ ਪ੍ਰਬੰਧ ਕਰਨ ਦੀ ਬਹੁਤ ਲੋੜ ਹੈ। ਛੋਟੇ ਬੱਚੇ ਜੋ ਮਜ਼ਦੂਰੀ ਕਰਦੇ ਹਨ ਜੇ ਇਨ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਹੋ ਜਾਵੇ ਤਾਂ ਚੰਗਾ ਹੈ। ਡਾਕਟਰੀ ਇਲਾਜ ਕਰਾਉਣ ਲਈ ਪੈਸੇ ਦੀ ਘਾਟ ਰਹਿੰਦੀ ਹੈ। ਜੇ ਬਜ਼ੁਰਗਾਂ ਲਈ ਉਨ੍ਹਾਂ ਦੀ ਸਿਹਤ ਦੀ ਜਾਂਚ ਅਤੇ ਦਵਾਈਆਂ ਦਾ ਮੁਫਤ ਪ੍ਰਬੰਧ ਹੋ ਜਾਵੇ ਤਾਂ ਉਨ੍ਹਾਂ ਦੀ ਜ਼ਿੰਦਗੀ ਸੁਖੀ ਹੋ ਜਾਵੇਗੀ।

## Section B

Questions and answers in **Panjabi**.

**1 8** **F1** ਮੇਰਾ ਨਾਂ ਪਰਮੀਤ ਹੈ। ਮੈਂ ਆਪਣੇ ਸ਼ਹਿਰ ਦੇ ਵਾਤਾਵਰਣ ਲਈ ਬਹੁਤ ਫਿਕਰਮੰਦ ਹਾਂ ਕਿਉਂ ਕਿ ਇੱਥੇ ਬਾਹਰੋਂ ਘੁੰਮਣ -ਫਿਰਨ ਆਉਣ ਵਾਲੇ ਲੋਕ ਥਾਂ ਥਾਂ ਤੇ ਚੀਜ਼ਾਂ ਸੁੱਟ ਕੇ ਬਹੁਤ ਗੰਦ ਪਾਉਂਦੇ ਹਨ।

**M2** ਮੈਂ ਅਰਜਨ ਹਾਂ। ਮੇਰੇ ਸ਼ਹਿਰ ਵਿੱਚ ਜਦੋਂ ਗਰਮੀਆਂ ਦੇ ਮੌਸਮ ਵਿੱਚ ਬਾਹਰੋਂ ਘੁੰਮਣ ਫਿਰਨ ਆਉਣ ਵਾਲੇ ਲੋਕ ਆਉਂਦੇ ਹਨ ਤਾਂ ਕਈ ਐਨਾ ਉੱਚੀ ਸੰਗੀਤ ਵਜਾਉਂਦੇ ਹਨ ਕਿ ਆਵਾਜ਼ ਦਾ ਪ੍ਰਦੂਸ਼ਣ ਬਹੁਤ ਵਧ ਜਾਂਦਾ ਹੈ।

**1 9** **M1** ਮੈਨੂੰ ਸਿਰਫ ਵੀਕਐਂਡ ਤੇ ਹੀ ਆਪਣੇ ਚੰਗੇ ਦੋਸਤਾਂ ਨਾਲ ਬਾਹਰ ਜਾਣ ਦੀ ਆਗਿਆ ਹੈ। ਮੇਰੇ ਮਾਪੇ ਮੇਰੇ ਤੇ ਭਰੋਸਾ ਹੀ ਨਹੀਂ ਕਰਦੇ ਉਹ ਮੈਨੂੰ ਭੇਜੇ ਹੋਏ ਸਾਰੇ ਸੁਨੇਹੇ ਪੜ੍ਹ ਲੈਂਦੇ ਹਨ। ਜਦੋਂ ਵੀ ਮਾਤਾ ਜੀ ਮੇਰੇ ਭਰਾ ਨੂੰ ਮਦਦ ਕਰਨ ਲਈ ਕਹਿੰਦੇ ਹਨ ਉਹ ਹਮੇਸ਼ਾ ਇਨਕਾਰ ਕਰ ਦਿੰਦਾ ਹੈ। ਉਸ ਨੂੰ ਇਸ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ।

**2 0** **M1** ਜਸਲੀਨ, ਮੇਰੇ ਖਿਆਲ ਨਾਲ ਅੱਜ ਕੱਲ੍ਹ ਦੀ ਪੰਜਾਬੀ ਨੌਜਵਾਨ ਪੀੜ੍ਹੀ ਵਿੱਚ ਵਿਆਹ ਕਰਵਾਉਣ ਦਾ ਰਿਵਾਜ਼ ਘਟਦਾ ਜਾ ਰਿਹਾ ਹੈ ਕਿਉਂਕਿ ਨੌਜਵਾਨ ਵਿਆਹ ਤੋਂ ਬਾਅਦ ਦੀਆਂ ਜ਼ਿੰਮੇਵਾਰੀਆਂ ਨਹੀਂ ਲੈਣਾ ਚਾਹੁੰਦੇ ਪਰ ਵਿਆਹ ਤੇ ਹੋਣ ਵਾਲੇ ਖਰਚ ਦੀ ਪਰਵਾਹ ਨਹੀਂ ਕਰਦੇ ਹਨ।

**F1** ਕਰਨ, ਮੈਂ ਤੇਰੇ ਵਿਚਾਰ ਨਾਲ ਸਹਿਮਤ ਹਾਂ ਪਰ ਲੜਕੀਆਂ ਵੀ ਹੁਣ ਪੜ੍ਹ ਲਿਖ ਕੇ ਆਪਣਾ ਖਿਆਲ ਆਪ ਰੱਖਣ ਦੇ ਯੋਗ ਬਣ ਰਹੀਆਂ ਹਨ ਅਤੇ ਵਿਆਹ ਸੋਚ ਸਮਝ ਕੇ ਆਪਣੀ ਮਰਜ਼ੀ ਨਾਲ ਕਰਵਾਉਂਦੀਆਂ ਹਨ।

**2 1** **M2** ਖੁਸ਼ੀ ਦੀ ਗੱਲ ਹੈ ਕਿ ਨੌਜਵਾਨਾਂ ਵਿੱਚ ਸਿਗਰਟਾਂ ਪੀਣ ਦੀ ਆਦਤ ਬੜੀ ਤੇਜ਼ੀ ਨਾਲ ਘਟ ਰਹੀ ਹੈ। ਇਸ ਨਾਲ ਉਹ ਸਾਹ ਦੀਆਂ ਬਿਮਾਰੀਆਂ ਤੋਂ ਬਚਣ ਦੇ ਨਾਲ ਨਾਲ ਆਪਣੇ ਜੇਬ ਖਰਚ ਦੀ ਸੁਚੱਜੇ ਢੰਗ ਨਾਲ ਵਰਤੋਂ ਕਰ ਰਹੇ ਹਨ। ਪਰ ਇਹ ਸਭ ਕੁਝ ਸਰਕਾਰ ਦੇ ਸਿਗਰਟਾਂ ਪੀਣ ਦੀ ਆਦਤ ਨੂੰ ਬੰਦ ਕਰਨ ਲਈ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਦੇ ਯਤਨਾਂ ਨਾਲ ਹੀ ਸੰਭਵ ਹੋ ਰਿਹਾ ਹੈ। ਨਸ਼ੇ ਛੱਡਣ ਲਈ ਮੁਫਤ ਸਲਾਹ ਅਤੇ ਸਹਾਇਤਾ ਮਿਲਣ ਕਰਕੇ ਇਸ ਤੋਂ ਵਧੀਆ ਮੌਕਾ ਹੋਰ ਕੋਈ ਨਹੀਂ ਹੋ ਸਕਦਾ।

**END OF TEST**

**There are no texts printed on this page**

**There are no texts printed on this page**

**There are no texts printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2021 AQA and its licensors. All rights reserved.